
# ਕੁਦਰਤੀ ਆਫ਼ਤਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ



ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ-ਕਸ਼ਮੀਰ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਰਵਾਨਾ ਕਰਦੇ ਹੋਏ।

-ਦਿਲਜੀਤ ਸਿੰਘ 'ਬੇਦੀ'


ਧਰਤੀ 'ਤੇ ਸਵਰਗ ਦੀ ਤਬਾਹੀ

# ਕੁਦਰਤੀ ਆਫ਼ਤਾਂ 'ਤੇ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।


**ਸੰਪਾਦਕ:**

**ਦਿਲਜੀਤ ਸਿੰਘ 'ਬੇਦੀ'**

ਐਡੀ. ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ।



ਜਨਵਰੀ 2015 5000

**ਗ੍ਰਾਫਿਕ ਡਿਜ਼ਾਇਨਿੰਗ:**

ਭੁਪਿੰਦਰ ਸਿੰਘ

ਸੀਨੀ: ਕੰਪਿਊਟਰ ਡਿਜ਼ਾਈਨਰ

ਪ੍ਰਕਾਸ਼ਕ: ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਛਾਪਕ: ਗੋਲਡਨ ਆਫ਼ਸੈੱਟ ਪ੍ਰੈੱਸ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ।

# ਸਾ ਸੇਵਾ ਕੀਤੀ ਸਫਲ ਹੈ...

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਸੇਵਾ ਦੇ ਹਰ ਪੱਖ ਵਿਚ ਵਿਸ਼ੇਸ਼ ਤਵੱਜੋਂ ਦੇਂਦਿਆਂ ਆਪਣੇ ਵਿਤ ਅਨੁਸਾਰ ਭਲੀਭਾਂਤ ਕਾਰਜ ਕੀਤਾ ਹੈ। ਕੁਦਰਤੀ ਆਫ਼ਤਾਂ ਸਮੇਂ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਵਿਸ਼ੇਸ਼ ਪ੍ਰਸ਼ੰਸਾ ਦੀ ਪਾਤਰ ਰਹੀ ਹੈ, ਕੁਦਰਤੀ ਆਫ਼ਤ ਭਾਵੇਂ ਗੁਜਰਾਤ 'ਚ ਹੋਵੇ, ਚਾਹੇ ਅੰਡੇਮਾਨ ਨਿਕੋਬਾਰ ਵਿੱਚ ਜਾਂ ਉਤਰਾਖੰਡ ਜਾਂ ਜੰਮੂ-ਕਸ਼ਮੀਰ। ਸਿੱਖਾਂ ਦੀ ਸ਼੍ਰੋਮਣੀ ਸੰਸਥਾ ਦੇ ਅਹੁਦੇਦਾਰਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸ਼ਰਧਾ-ਭਾਵਨਾ ਤੇ ਨਿਸ਼ਚੇ ਨਾਲ ਸੇਵਾਵਾਂ ਨਿਭਾਈਆਂ ਹਨ।

ਜੰਮੂ-ਕਸ਼ਮੀਰ ਦਾ ਦੁਖਾਂਤ ਬਹੁਤ ਵੱਡਾ ਸੀ, ਵੱਡੀ ਮਾਤਰਾ ਵਿਚ ਜਾਨੀ-ਮਾਲੀ ਨੁਕਸਾਨ ਹੋਇਆ ਹੈ। ਕਸ਼ਮੀਰ ਵਿਚ ਵੱਸਦੇ ਵੀਰਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਵੱਲੋਂ 9 ਸਤੰਬਰ ਤੋਂ 15 ਦਸੰਬਰ 2014 ਤੀਕ ਗੁਰਦੁਆਰਾ ਸ਼ਹੀਦ ਬੁੰਗਾ ਸ੍ਰੀਨਗਰ ਵਿਖੇ ਰਾਹਤ ਕੈਂਪ ਲਗਾ ਕੇ ਸੰਗਤਾਂ ਦੀ ਸੇਵਾ ਕਰਕੇ ਸੰਤੁਸ਼ਟੀ ਮਹਿਸੂਸ ਕੀਤੀ ਹੈ। ਭਾਵੇਂ ਅਸੀਂ ਮੁਕੰਮਲ ਰੂਪ ਵਿਚ ਤਾਂ ਹੋਏ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦੇ ਪਰ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਲਈ ਜਥਾਸ਼ਕਤ ਯਤਨ ਕੀਤੇ ਗਏ ਹਨ। ਹੱਥਲੇ ਕਿਤਾਬਚੇ ਅੰਦਰ ਕਸ਼ਮੀਰ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਈਆਂ ਸੇਵਾਵਾਂ ਦਾ ਸੰਖੇਪ ਵਿੱਚ ਜ਼ਿਕਰ ਹੈ। ਜੰਮੂ-ਕਸ਼ਮੀਰ ਸਰਕਾਰ, ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਦੇ ਧੰਨਵਾਦ ਪੱਤਰ ਅਤੇ ਅਖ਼ਬਾਰੀ ਟਿੱਪਣੀਆਂ, ਖ਼ਬਰਾਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ, ਜਿਨ੍ਹਾਂ ਅਹੁਦੇਦਾਰਾਂ ਅਤੇ ਕਰਮਚਾਰੀਆਂ ਨੇ ਜੰਮੂ-ਕਸ਼ਮੀਰ ਵਿਚ ਨਿਸ਼ਕਾਮ ਭਾਵਨਾ ਨਾਲ ਸੇਵਾ ਕੀਤੀ ਹੈ ਮੈਂ ਸਭ ਦਾ ਧੰਨਵਾਦੀ ਹਾਂ।

ਗੁਰੂ-ਪੰਥ ਦਾ ਦਾਸ

**(ਅਵਤਾਰ ਸਿੰਘ)**

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।



# ਜੰਮੂ-ਕਸ਼ਮੀਰ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਨੇ ਸਾਰੇ ਸੰਸਾਰ ਵਿਚ ਸਿੱਖ ਕੌਮ ਦਾ ਸਿਰ ਉੱਚਾ ਕੀਤਾ

-ਦਿਲਜੀਤ ਸਿੰਘ 'ਬੇਦੀ'

ਜੰਮੂ-ਕਸ਼ਮੀਰ ਦੀ ਜਿਹੜੀ ਵਾਦੀ ਆਪਣੀ ਕੁਦਰਤੀ ਖ਼ੂਬਸੂਰਤੀ ਕਰਕੇ ਸੰਸਾਰ ਭਰ ਵਿਚ ਜਾਣੀ ਜਾਂਦੀ ਹੈ, ਵੰਨ ਸੁਵੰਨੇ ਫੁਲਾਂ ਨਾਲ ਸਿੰਗਾਰੇ ਇਸ ਖਿਤੇ ਨੂੰ ਧਰਤੀ ਦਾ ਸਵਰਗ ਵੀ ਕਿਹਾ ਜਾਂਦਾ ਹੈ ਇਸ ਦੇ ਹਰੇ ਭਰੇ ਜੰਗਲ, ਜੂਹਾਂ, ਮਖ਼ਮਲੀ ਮੈਦਾਨ ਵੰਨ ਸੁਵੰਨੇ ਫੁਲ ਤੇ ਫਲ, ਰੰਗ ਬਰੰਗੇ ਬਾਗ ਬੂਟੇ, ਠੰਡੇ ਮਿਠੇ ਪਾਣੀ ਦੇ ਚਸ਼ਮੇ, ਝਰਨੇ, ਝੀਲਾਂ, ਨਦੀ ਨਾਲੇ ਤੇ ਪਹਾੜਾਂ ਦੀਆਂ ਬਰਫ ਨਾਲ ਕਜੀਆਂ ਚੋਟੀਆਂ ਹਰ ਇਕ ਨੂੰ ਆਪਣੇ ਵਲ ਆਕਰਸ਼ਤ ਕਰਦੀਆਂ ਹਨ। ਕਸ਼ਮੀਰ ਦੀ ਜੰਨਤ ਬਾਰੇ ਫ਼ਾਰਸੀ ਦੇ ਉੱਚ ਕੋਟੀ ਦੇ ਕਵੀ ਸ਼ੇਖ ਸੇਦੀ ਨੇ ਬਿਆਨ ਕੀਤਾ-

ਅਗਰ ਫ਼ਿਰਦੋਸ਼ ਬਰ ਰੋਏ ਜ਼ਮੀਨ ਅਸਤ, ਹਮੀ ਅਸਤੋ ਹਮੀ ਅਸਤੋ ਹਮੀ ਅਸਤੋ।

ਭਾਵ-ਜੇਕਰ ਦੁਨੀਆਂ ਵਿਚ ਧਰਤੀ ਤੇ ਕਿਤੇ ਜਨੰਤ ਹੈ ਤਾਂ ਉਹ ਇਥੇ ਹੈ, ਇਹ ਹੀ ਹੈ, ਇਹ ਹੀ ਹੈ।

ਇਕ ਪੁਰਾਤਣ ਕਥਾ ਅਨੁਸਾਰ ਕਸ਼ਪਰਿਸ਼ੀ ਨੇ ਲਗਭਗ ਛੇ ਹਜ਼ਾਰ ਸਾਲ ਪਹਿਲਾਂ ਇਸ ਖਿਤੇ ਨੂੰ ਵਸਾਇਆ। ਇਸ ਤੋਂ ਪਹਿਲਾਂ




ਇਹ ਵਾਦੀ ਪਾਣੀ ਦੀ ਇਕ ਝੀਲ ਸੀ ਜਿਸ ਦੇ ਕਸ਼ਪ ਨਾਮ ਤੇ ਵਸਾਈ ਹੋਣ ਕਰਕੇ ਕਸ਼ਮੀਰ ਨਾਂ ਪੈ ਗਿਆ। ਕਸ਼ਮੀਰ ਦਾ ਖਿਤਾ ਹਿਮਾਲੀਆ ਪਹਾੜ ਦੇ ਦਾਮਨ ਵਿਚ ਇਕ ਅਤਿ ਸੁੰਦਰ, ਸੁਹਾਵਨਾ, ਕੁਦਰਤੀ ਦ੍ਰਿਸ਼ਾਂ ਨਾਲ ਭਰਪੂਰ ਪਹਾੜੀ ਖਿੱਤਾ ਹੈ। ਇਸ ਰਾਜ ਦਾ ਕੁਲ ਰਕਬਾ 84248 ਵਰਗਮੀਲ ਹੈ ਤੇ 1941 ਦੀ ਜਨਸੰਖਿਆ ਦੇ ਅੰਕੜਿਆਂ ਅਨੁਸਾਰ ਜਨ ਸੰਖਿਆ 40 ਲੱਖ ਮਨੁੱਖਾ ਤੇ ਨਿਰਭਰ ਸੀ ਜੋ ਹੁਣ 65 ਲੱਖ ਤੋਂ ਵੀ ਵੱਧ ਚੁਕੀ ਹੈ। ਜਿਸ ਵਿਚ ਬਹੁ ਗਿਣਤੀ ਮੁਸਲਮ ਅਬਾਦੀ ਹੈ ਅਤੇ ਸਿੱਖਾਂ ਦੀ ਅਬਾਦੀ ਸਮੁੱਚੇ ਕਸ਼ਮੀਰ ਵਿਚ 55 ਤੋਂ 60 ਹਜ਼ਾਰ ਅੰਦਾਜਨ ਹੈ।

ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਕਿਸੇ ਸਮੇਂ ਕਸ਼ਮੀਰ ਦੀ ਅਬਾਦੀ ਕੇਵਲ ਹਿੰਦੂ ਸੀ ਜੋ ਹੌਲੀ ਹੌਲੀ ਜਬਰ ਜ਼ੁਲਮ ਦਾ ਸ਼ਿਕਾਰ ਹੋਏ ਤੇ ਧਰਮ ਤਬਦੀਲ ਕੀਤਾ ਜਿਸ ਦੀ ਇਕ ਵਿਸ਼ਾਲ ਮਿਸਾਲ ਗੁਰੂ ਤੇਗ ਬਹਾਦੁਰ ਸਾਹਿਬ ਦੇ ਸਮੇਂ ਦੀ ਮਿਲਦੀ ਹੈ ਇਸ ਤਬਦੀਲੀ ਵਿਚ









ਇਕ ਵਿਸ਼ੇਸ਼ ਰੋਲ ਅਮੀਰ ਕਬੀਰ ਸਯਦ ਅਲੀ ਹਮਦਾਨੀ ਦਾ ਰਿਹਾ ਹੈ ਜੋ ਈਰਾਨ ਤੋਂ ਆਪਣੇ ਨਾਲ ਪ੍ਰਚਾਰਕ ਲੈ ਕੇ ਵਾਦੀ ਵਿਚ ਦਾਖਲ ਹੋਇਆ ਸੀ। ਡਾ. ਜੋਗਿੰਦਰ ਸਿੰਘ ਸ਼ਾਨ ਲਿਖਦੇ ਹਨ ਕਿ ਹੁਣ ਭਾਵੇਂ ਵਾਦੀ ਕਸ਼ਮੀਰ ਦੀ ਬੋਲੀ ਕਸ਼ਮੀਰੀ ਹੈ ਪਰ ਫਿਰ ਵੀ ਵਾਦੀ ਦਾ ਪੰਜਾਬੀ ਬੋਲਦਾ ਇਲਾਕਾ ਖਾਦਿਨਆਰ (ਬਾਰਾਮੂਲਾ) ਤੋਂ ਲੈ ਕੇ ਕਾਜ਼ੀਗੁੰਡ ਤੀਕ ਫੈਲਿਆ ਹੋਇਆ ਹੈ। ਜ਼ਿਲਾ, ਬਾਰਾਂਮੂਲਾ ਵਿਚ ਕਰੂਣ ਤੇ ਕਾਮਰਾਜ ਤਹਿਸੀਲ, ਊੜੀ ਤੇ ਤਹਿਸੀਲ ਕਰਨਾਹ, ਜਿਲ੍ਹਾ ਅਨੰਤਨਾਗ ਵਿਚ ਮਟਨ, ਚਿਠੀ ਸਿੰਘਪੁਰਾ ਆਦਿ ਸੁਰੰਗਸੈ, ਪਹਿਲਗਾਮ ਤਕ ਪੁਲਵਾਮਾ ਵਿਚ ਤ੍ਰਾਲ ਅਤੇ ਬਡਗਾਮ ਜਿਲ੍ਹਾ ਤੇ ਬੇਰਵਾ ਆਦਿ ਇਲਾਕਿਆਂ ਵਿੱਚ ਬਿਨਾਂ ਮਜ਼ਹਬੀ ਪਖਪਾਤ ਦੇ ਲੋਕੀਂ ਪੰਜਾਬੀ ਬੋਲਦੇ ਹਨ। ਇਸ ਸਚਾਈ ਨੂੰ ਸਵੀਕਾਰ ਕਰਕੇ ਹੀ ਸਰਕਾਰ ਨੇ 1947 ਦੀ ਜੰਗਬੰਦੀ ਮਗਰੋਂ ਊੜੀ ਤੇ ਕਰਨਾਹ ਤਹਿਸੀਲ ਨੂੰ ਪੰਜਾਬੀ ਬੋਲਦਾ ਹਿੱਸਾ ਕਰਾਰ ਦਿੱਤਾ ਹੈ। 1971 ਦੀ ਮਰਦਮਸ਼ਮਾਰੀ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ੧੩ ਲੱਖ ਦੱਸੀ ਗਈ ਹੈ ਜੇ ਇਸ ਵਿਚ ਪਹਾੜੀ ਵੀ ਸ਼ਾਮਲ ਕੀਤੀ ਜਾਏ ਜੋ ਪੰਜਾਬੀ ਦੀ ਉਪ ਭਾਸ਼ਾ ਹੈ ਤਾਂ ਗਿਣਤੀ ਹੋਰ ਵੱਧ ਸਕਦੀ ਹੈ। ਇਸ ਖ਼ੂਬਸੂਰਤ ਵਾਦੀ ਦੇ ਮਨਭਾਂਉਦੇ ਨਜ਼ਾਰੇ ਨੂੰ ਭਾਈ ਵੀਰ ਸਿੰਘ ਨੇ ਆਪਣੀ ਕਵਿਤਾ 'ਟੁਕੜੀ ਜਗ ਤੋਂ ਨਿਆਰੀ'' ਵਿਚ ਲਿਖਿਆ ਹੈ-

"ਚਸ਼ਮੇ ਨਾਲੇ ਨਦੀਆਂ ਝੀਲਾਂ, ਨਿੱਕੇ ਜਿਵੇਂ ਸਮੁੰਦਰ,
ਠੰਡੀਆਂ ਛਾਵਾਂ ਮਿੱਠੀਆਂ ਹਵਾਵਾਂ, ਬਨ ਬਾਗਾਂ ਜਿਹੇ ਸੁੰਦਰ,
ਬਰਫਾਂ ਮੀਂਹ ਧੁੱਪਾਂ ਤੇ ਬਦਲ, ਰੁਤਾਂ ਮੇਵੇ ਪਿਆਰ,
ਅਰਸ਼ਾਂ ਨਾਲ ਨਜ਼ਾਰੇ ਆਏ, ਉਸ ਮੁਠੀ ਵਿਚ ਸਾਰੇ।..."

ਅਜਿਹੀ ਖ਼ੂਬਸੂਰਤ ਵਾਦੀ ਅਚਾਨਕ ਭਿਆਨਕ ਹੜ੍ਹਾਂ ਦੀ ਲਪੇਟ ਵਿਚ ਆ ਗਈ, ਸੁਪਨਈ ਤਬਾਹੀ ਕਾਰਨ ਉਹ ਲੋਕਾਂ ਦੇ ਤਰਸ ਦੀ ਪਾਤਰ ਬਣ ਗਈ। ਇਸ ਕੁਦਰਤੀ ਸੰਕਟ ਸਮੇਂ ਪੀੜਤ ਲੋਕਾਂ ਨਾਲ ਖੜ੍ਹਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੇਵਾ ਦੀ ਇੱਕ ਮਿਸਾਲ ਕਾਇਮ ਕੀਤੀ ਹੈ। ਜੰਮੂ-ਕਸ਼ਮੀਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਸੰਸਾਰ ਭਰ ਵਿਚ ਹਰ ਪਾਸਿਉਂ ਹੋਈ ਹੈ, ਜਿਸ ਨਾਲ ਸਿੱਖਾਂ ਦੇ ਸੇਵਾ-ਭਾਵਨਾ ਵਾਲੇ ਅਕਸ ਨੇ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।




# ਜਥੇਦਾਰ ਅਵਤਾਰ ਸਿੰਘ
## ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ
# ਕਸ਼ਮੀਰ ਫੇਰੀ

ਅਸਲ ਵਿੱਚ 'ਸੇਵਾ' ਸਿੱਖਾਂ ਦਾ ਮੂਲ ਸਿਧਾਂਤ ਹੈ। ਗੁਰਮਤਿ ਦਰਸ਼ਨ ਵਿੱਚ ਸੇਵਾ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਅੰਦਰ ਸੇਵਾ ਦੇ ਅਰਥ ਖਿਦਮਤ ਅਤੇ ਉਪਾਸਨਾ ਦੇ ਰੂਪ ਵਿੱਚ ਕੀਤੇ ਹਨ। 'ਸੇਵਾ' ਸ਼ਬਦ ਸੰਸਕ੍ਰਿਤ ਦੇ 'ਸੇਵੁ' ਦਾ ਵਿਕਸਤ ਰੂਪ ਹੈ। ਗੁਰਬਾਣੀ ਅੰਦਰ ਸੇਵਾ ਕਰਨ ਵਾਲੇ ਲਈ ਚਾਕਰ, ਸੇਵਕ, ਖਿਜਮਤਦਾਰ, ਬੈਖਰੀਦ ਆਦਿ ਸ਼ਬਦ ਵਰਤੇ ਗਏ ਹਨ। ਗੁਰਮਤਿ ਅਨੁਸਾਰ ਜੇਕਰ ਸੇਵਾ ਦੇ ਸਿਧਾਂਤਕ ਪ੍ਰਸੰਗ ਵਿੱਚ ਗੱਲ ਕਰੀਏ ਤਾਂ ਇਹ ਕਹਿਣਾ ਵਾਜਬ ਹੈ ਕਿ ਗੁਰਮਤਿ ਨੇ ਸੇਵਾ ਨੂੰ ਨਿੱਜਵਾਦ ਦੀ ਵਲਗਣ 'ਚੋਂ ਕੱਢ ਕੇ ਸਮੂਹਕਤਾ ਦੇ ਵਿਸ਼ਾਲ ਦਾਇਰੇ ਤੱਕ ਲਿਆਂਦਾ ਹੈ। ਅਸਲ ਵਿੱਚ ਭਾਰਤੀ ਧਾਰਮਿਕ ਪ੍ਰੰਪਰਾ ਅਨੁਸਾਰ ਸੇਵਾ ਨੂੰ ਆਪਣੇ ਨਿੱਜੀ ਸਵਾਰਥ ਨਾਲ ਜੋੜ ਕੇ ਵੇਖਿਆ ਜਾਂਦਾ ਸੀ, ਪਰ ਗੁਰਮਤਿ ਦਾ ਨਜ਼ਰੀਆ ਹਉਮੈ ਅਤੇ ਲਾਲਸਾ ਤੋਂ ਮੁਕਤ ਕਰਦਾ ਹੈ ਅਤੇ ਸਿੱਖ ਨੂੰ ਸਵਾਰਥ ਰਹਿਤ ਹੋ ਕੇ ਸੇਵਾ ਕਰਨ ਲਈ ਪ੍ਰੇਰਿਤ ਤੇ ਉਤਸ਼ਾਹਤ ਕਰਦਾ ਹੈ। ਗੁਰਮਤਿ ਨੇ ਨਿਸ਼ਕਾਮ ਸੇਵਾ ਦੀ ਗੱਲ ਕਰਦਿਆਂ ਸੇਵਾ ਦੇ ਤਿਆਗ ਵਾਲੇ ਪੱਖ ਨੂੰ ਪ੍ਰਮੁੱਖਤਾ ਦਿੱਤੀ ਹੈ। ਨਿਸ਼ਕਾਮ ਭਾਵਨਾ ਨਾਲ ਸੇਵਾ ਕਰਦਿਆਂ ਮਨੁੱਖ ਅੰਦਰ ਸੱਚ, ਸੰਤੋਖ, ਸਹਿਜ, ਪਰਉਪਕਾਰ ਤੇ ਤਿਆਗ ਜਿਹੇ ਸਦਗੁਣਾਂ ਦਾ ਪ੍ਰਵੇਸ਼ ਹੁੰਦਾ ਹੈ ਅਤੇ ਉਸ ਦੀ ਸ਼ਖ਼ਸੀਅਤ ਸਵੈ-ਮੁਖੀ ਨਾ ਹੋ ਕੇ ਲੋਕ ਹਿਤਕਾਰੀ ਬਣ ਜਾਂਦੀ ਹੈ। ਲੋੜਵੰਦਾਂ ਦੀ ਸੇਵਾ ਕਰਨ ਲਈ ਸਿੱਖ ਹਮੇਸ਼ਾਂ ਤਤਪਰ ਰਹਿੰਦਾ ਹੈ।ਤਨ ਦੁਆਰਾ ਸੇਵਾ ਕਰਨ ਦੇ ਨਾਲ-ਨਾਲ ਆਪਣੀ ਕਿਰਤ ਕਮਾਈ ਵਿੱਚੋਂ ਬੇਸਹਾਰਾ ਅਤੇ



ਕਸ਼ਮੀਰੀ ਲੋਕਾਂ ਦੀ ਦੁੱਖ ਤਕਲੀਫਾਂ ਸੁਣਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।



ਹੜ੍ਹ ਦੌਰਾਨ ਫਸੇ ਲੋਕਾਂ ਨੂੰ ਕੱਢਣ ਸਮੇਂ ਦਾ ਦ੍ਰਿਸ਼।

ਲੋੜਵੰਦਾਂ ਦੀ ਮਦਦ ਕਰਨ ਲਈ ਸਦਾ ਤਿਆਰ ਰਹਿਣਾ ਸਿੱਖ ਲਈ ਗੁਰੂ ਦਾ ਹੁਕਮ ਹੈ।

ਗੁਰਮਤਿ ਦੀ ਰੌਸ਼ਨੀ ਵਿੱਚ ਸੇਵਾ ਦਾ ਸਿਧਾਂਤਕ ਪ੍ਰਸੰਗ ਸਾਂਝਾ ਕਰਨ ਦਾ ਮਨੋਰਥ ਕੇਵਲ ਇਹੀ ਹੈ ਕਿ 'ਸਿੱਖ' ਅਤੇ 'ਸੇਵਾ' ਇੱਕ ਦੂਸਰੇ ਵਿੱਚ ਏਨਾ ਘੁਲ-ਮਿਲ ਗਏ ਹਨ ਕਿ ਇਨ੍ਹਾਂ ਨੂੰ ਨਿਖੇੜਨਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਇਸੇ ਲਈ ਜਦੋਂ ਵੀ ਕਿਧਰੇ ਮਨੁੱਖਤਾ ਉੱਤੇ ਕੋਈ ਮੁਸ਼ਕਿਲ ਬਣਦੀ ਹੈ ਤਾਂ ਸਿੱਖ ਮਦਦ ਲਈ ਸਭ ਤੋਂ ਅੱਗੇ ਹੁੰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਉਂਕਿ ਸਿੱਖਾਂ ਦੀ ਨੁਮਾਇੰਦਾ ਧਾਰਮਿਕ ਜਥੇਬੰਦੀ ਹੈ, ਇਸ ਲਈ ਇਹ ਸਮੁੱਚੇ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਹੋਈ ਦੁੱਖ ਦੀ ਘੜੀ ਵਿੱਚ ਮਨੁੱਖਤਾ ਦੀ ਸੇਵਾ ਵਿੱਚ ਖੜ੍ਹਨਾ ਆਪਣਾ ਫਰਜ਼ ਸਮਝਦੀ ਹੈ। ਸ਼੍ਰੋਮਣੀ ਕਮੇਟੀ ਨੇ ਸਦਾ ਹੀ ਕੁਦਰਤੀ ਆਫ਼ਤਾਂ ਸਮੇਂ ਧਰਮ-ਕਰਮ ਅਨੁਸਾਰ ਲੋਕਾਂ ਦੀ ਸੇਵਾ ਕੀਤੀ ਹੈ। ਗੁਜਰਾਤ ਦੇ ਭੂਚਾਲ, ਅੰਡੇਮਾਨ-ਨਿੱਕੋਬਾਰ ਦੀ ਸੁਨਾਮੀ, ਲੇਹ-ਲਦਾਖ ਅਤੇ ਉੱਤਰਾਖੰਡ ਵਿਚ ਬੱਦਲ ਫੱਟਣ ਤੇ ਹੜ੍ਹ ਆਉਣ ਸਮੇਂ ਇਸ ਸ਼੍ਰੋਮਣੀ ਸਿੱਖ ਸੰਸਥਾ ਵੱਲੋਂ ਨਿਭਾਈ ਸ਼ਾਨਦਾਰ ਭੂਮਿਕਾ ਯਾਦ ਰੱਖਣਯੋਗ ਹੈ। ਇਸੇ ਤਰ੍ਹਾਂ ਸਹਾਰਨਪੁਰ ਵਿਖੇ ਹੋਏ ਦੰਗਿਆਂ ਵਿਚ ਸਿੱਖਾਂ ਦੀ ਸੰਪਤੀ ਦੇ ਨੁਕਸਾਨ ਦੀ ਭਰਪਾਈ ਲਈ ਇਕ ਕਰੋੜ ਰੁਪਿਆ ਸ਼੍ਰੋਮਣੀ ਕਮੇਟੀ ਵੱਲੋਂ ਦਿੱਤਾ ਗਿਆ। ਈਰਾਕ ਵਿਚ ਬੰਦੀ ਬਣਾਏ ਗਏ ਭਾਰਤੀਆਂ ਦੀ ਰਿਹਾਈ ਲਈ ਯਤਨ ਕੀਤੇ ਗਏ ਅਤੇ ਬੰਦੀ ਪੰਜਾਬੀਆਂ ਤੇ ਭਾਰਤੀਆਂ ਦੇ ਵਾਰਸਾਂ ਨੂੰ 50-50



